# ਨਵੀ ਸਾਂਝ

ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ ਦੇਵ ਨਗਰ ਦੇ ਪੰਜਾਬੀ ਵਿਭਾਗ ਦੇ ਅਧਿਆਪਕਾਂ ਨੇ ਪੰਜਾਬੀ ਸਾਹਿਤ ਸਭਾ 'ਕਲਮ'ਵੱਲੋਂ 'ਨਵੀ ਸਾਂਝ' ਪ੍ਰੋਗਰਾਮ ਦਾ ਆਯੋਜਨ ਕੀਤਾ।ਇਸ ਪ੍ਰੋਗਰਾਮ ਦਾ ਸੰਚਾਲਨ ਵਿਭਾਗ ਦੀ ਅਧਿਆਪਕ ਡਾ.ਜਸਵਿੰਦਰ ਕੌਰ ਬਿੰਦਰਾ ਨੇ ਕੀਤਾ।ਇਸ ਭਾਸ਼ਣ ਲੜੀ ਵਿਚ ਵਿਭਾਗ ਦੀ ਅਧਿਆਪਕ ਡਾ.ਪਰਮਜੀਤ ਕੌਰ ਨੇ ਪੰਜਾਬੀ ਨਾਟਕ ਦੇ ਇਤਿਹਾਸ ਬਾਰੇ ਨਵੇਂ ਵਿਦਿਆਰਥੀਆਂ ਨੂੰ ਜਾਣਕਾਰੀ ਪ੍ਰਦਾਨ ਕੀਤੀ।ਉਨ੍ਹਾਂ ਨੇ ਬਹੁਤ ਥੋੜੇ ਸਮੇਂ ਵਿਚ ਨਵੇਂ ਵਿਦਿਆਰਥੀਆਂ ਨੂੰ ਨਾਟਕ ਦੇ ਵਿਕਾਸ ਬਾਰੇ ਜਾਣਕਾਰੀ ਪ੍ਰਦਾਨ ਕੀਤੀ।ਵਿਭਾਗ ਦੇ ਕਨਵੀਨਰ ਤੇ ਪ੍ਰਸਿੱਧ ਗਜ਼ਲਗੋ ਡਾ. ਬਰਜਿੰਦਰ ਸਿੰਘ ਚੋਹਾਨ ਨੇ ਨਵੇਂ ਵਿਦਿਆਰਥੀਆਂ ਦਾ ਸਵਾਗਤ ਕਰਦੇ ਹੋਏ ਆਪਣੇ ਵਿਚਾਰ ਸਾਂਝੇ ਕੀਤੇ।ਇਸ ਦੇ ਨਾਲ ਹੀ ਉਨ੍ਹਾਂ ਨੇ ਆਪਣੀ ਗਜ਼ਲ ਵੀ ਪੇਸ਼ ਕੀਤੀ।ਪੰਜਾਬੀ ਵਿਭਾਗ ਦੇ ਦੂਜੇ ਅਧਿਆਪਕਾਂ ਡਾ.ਬੇਅੰਤ ਕੌਰ,ਡਾ.ਭੁਪਿੰਦਰਪਾਲ ਸਿੰਘ ਬਖਸ਼ੀ,ਡਾ.ਵਿਨੈਨੀਤ ਕੌਰ ਤੇ ਡਾ.ਪਰਮਜੀਤ ਕੌਰ ਕੰਬੋਜ ਨੇ ਵੀ ਇਸ ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਦਾ ਸਵਾਗਤ ਕੀਤਾ ।ਇਸ ਪ੍ਰੋਗਰਾਮ ਵਿਚ ਨਵੇਂ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ।ਉਨ੍ਹਾਂ ਨੇ ਆਪਣੀ-ਆਪਣੀ ਕਵਿਤਾ,ਗਜ਼ਲ,ਤੇ ਲੇਖ ਵੀ ਪੇਸ਼ ਕੀਤੇ।ਇਸ ਦੇ ਨਾਲ ਹੀ ਉਨ੍ਹਾਂ ਨੇ ਵੱਖ-ਵੱਖ ਸਮੱਸਿਆਵਾਂ ਜਿਵੇਂ ਕੋਰਨਾ,ਪ੍ਰਦੂਸ਼ਣ ਤੇ ਆਪਣੇ ਪੋਸਟਰ ,ਸਕੈਚ ਵੀ ਪੇਸ਼ ਕੀਤੇ।ਵਿਭਾਗ ਦੇ ਸਾਰੇ ਅਧਿਆਪਕਾਂ ਨੇ ਇਨ੍ਹਾਂ ਨਵੇਂ ਵਿਦਿਆਰਥੀਆਂ ਦੀ ਹੋਸਲਾ ਅਫਜਾਈ ਵੀ ਕੀਤੀ।